Ajit
November 16, 2018, P-10




ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨੋਲੌਜੀ ਪਟਿਆਲਾ ਦੀ ਕਨਵੋਕੇਸ਼ਨ ਸਮਾਰੋਹ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਤੇ ਹੋਰ। ਤਸਵੀਰ : ਵਰੁਣ ਸੈਣੀ

# ਥਾਪਰ ਇੰਸਟੀਚਿਊਟ ਦੀ 32ਵੀਂ ਕਨਵੋਕੇਸ਼ਨ 'ਚ 1976 ਵਿਦਿਆਰਥੀਆਂ ਨੂੰ ਡਿਗਰੀ ਦਿੱਤੀਆਂ

ਪਟਿਆਲਾ, 15 ਨਵੰਬਰ (ਗੁਰਵਿੰਦਰ ਸਿੰਘ ਔਲ਼ਖ)-ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨੋਲੌਜੀ, ਪਟਿਆਲਾ ਦੀ 32ਵੀਂ ਕਨੰਵੋਕੇਸ਼ਨ ਸਮਾਰੋਹ 'ਚ ਸੂਬੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ 1976 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਬਾਦਲ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਸੂਬੇ ਦਾ ਭਵਿੱਖ ਹਨ ਤੇ ਇਸ ਨੂੰ ਸੁਨਹਿਰਾ ਬਣਾਉਣ ਲਈ ਸੂਬਾ ਸਰਕਾਰ ਵਲੋਂ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਸੰਸਥਾ ਦੇ ਪ੍ਰਧਾਨ ਗੌਤਮ ਥਾਪਰ ਅਤੇ ਨਿਰਦੇਸ਼ਕ ਪ੍ਰੋਫੈਸਰ ਪ੍ਰਕਾਸ਼ ਗੋਪਾਲ ਨੇ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਪਿਛਲੇ ਸਾਲ ਪ੍ਰਦਾਨ ਕੀਤੀਆਂ ਗਈਆਂ 1731 ਡਿਗਰੀਆਂ ਨਾਲੋਂ ਇਸ ਵਰ੍ਹੇ ਲਗਪਗ 10 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਕਨਵੋਕੇਸ਼ਨ ਦੌਰਾਨ 77 ਪੀ-ਐੱਚ.ਡੀ., 659 ਮਾਸਟਰਜ਼ ਆਫ਼ ਸਾਇੰਸਜ਼, ਹਿਊਮੈਨੀਟੀਜ਼ ਤੇ ਮੈਨੇਜਮੈਂਟ ਅਤੇ 1249 ਬੈਚਲਰ ਆਫ਼ ਇੰਜੀਨੀਅਰਿੰਗ/ਟੈਕਨੋਲੌਜੀ ਦੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ ਸਭ ਤੋਂ ਵੱਧ ਸੀਜੀਪੀਏ ਸਕੋਰ ਲਈ ਅੰਕੁਸ਼ ਨਰੂਲਾ ਨੂੰ ਪ੍ਰੈਜ਼ੀਡੈਂਟਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਦੀਪਾਂਕਰ ਸਚਦੇਵ ਨੂੰ ਪ੍ਰੋ. ਵੀ. ਰਾਜਾਰਮਨ ਕੰਪਿਊਟਰ ਸਾਇੰਸ/ਇੰਜੀਨੀਅਰਿੰਗ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਰਾਘਵ ਗੁਪਤਾ ਨੂੰ ਬਿਹਤਰੀਨ ਪ੍ਰਦਰਸ਼ਨ ਲਈ ਰਣਬੀਰ ਸਿੰਘ ਮੈਮੋਰੀਅਲ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਜਦੋਂ ਕਿ ਸ. ਰਾਮ ਐੱਸ. ਸਿੱਧੂ ਮੈਮੋਰੀਅਲ ਮੈਡਲ ਮਹਿਤੋਸ਼ ਸ਼ਰਮਾ ਨੇ ਜਿੱਤਿਆ। ਇਸ ਸਾਲ ਅਸ਼ੋਕ ਖੋਸਲਾ ਤੇ ਸੁਨੀਲ ਦੁੱਗਲ ਨੂੰ ਇੰਜੀਨੀਅਰਿੰਗ ਅਤੇ ਤਕਨਾਲੋਜੀ ਦੇ ਖੇਤਰ 'ਚ ਅਹਿਮ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਅਸ਼ੋਕ ਖੋਸਲਾ, 1977 ਬੈਚ ਦੇ ਇਲੈਕਟ੍ਰੀਕਲ ਇੰਜੀਨੀਅਰਿੰਗ ਗ੍ਰੈਜੂਏਟ ਹਨ ਜੋ ਕਿ ਵੇਦਾਂਤਾ ਗਲੋਬਲ 'ਚ ਮੈਟਲਜ ਤੇ ਮਾਈਨਿੰਗ ਦੇ ਸੀਈਓ ਦੇ ਤੌਰ 'ਤੇ ਸੇਵਾ ਨਿਭਾ ਰਹੇ ਹਨ।